# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**19:30**

**ਮਿਤੀ :29-08-2026**

***<u>ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ</u>***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਪਣੇ ਦੋ ਦਿਨਾਂ ਦੌਰਾਨ ਉਜ਼ਬੇਕਿਸਤਾਨ ਦੀ ਰਾਜਧਾਨੀ ਤਾਸ਼ਕੰਦ ਪਹੁੰਚੇ।
- ਨੇਪਾਲ ਸਰਕਾਰ ਨੇ ਇਸ ਸੰਕਟ ਦੇ ਸਮੇਂ ਵਿੱਚ ਭਾਰਤ ਵਲੋਂ ਕੀਤੀ ਤੁਰੰਤ ਸਹਾਇਤਾ ਲਈ ਸ਼ਲਾਘਾ ਕੀਤੀ -ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ -ਭਾਰਤ ਨੇਪਾਲ ਵਿੱਚ ਸੰਕਟ ਨੂੰ ਲੈ ਕੇ ਚਿੰਤਤ ਏ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੱਲ੍ਹ ਸਵੇਰੇ 11 ਵਜੇ ਆਕਾਸ਼ਵਾਣੀ 'ਤੇ ਮਨ ਕੀ ਬਾਤ ਪ੍ਰੋਗਰਾਮ ਵਿੱਚ ਦੇਸ਼ ਅਤੇ ਵਿਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ।
- ਸਰਕਾਰ ਨੇ ਕਿਹਾ -ਇਸ ਸਾਲ ਜੁਲਾਈ ਤੱਕ, ਪ੍ਰਤੀ ਬੂੰਦ ਹੋਰ ਫ਼ਸਲ ਯੋਜਨਾ ਦੇ ਤਹਿਤ 115 ਲਖ ਹੈਕਟੇਅਰ ਖੇਤੀਬਾੜੀ ਜ਼ਮੀਨ ਨੂੰ ਸੂਖਮ-ਸਿੰਚਾਈ ਪ੍ਰਣਾਲੀਆਂ ਅਧੀਨ ਲਿਆਂਦਾ ਗਿਆ ਏ।

ਅਤੇ

- -ਭਾਰਤ ਦੀਆਂ ਸਭ ਤੋਂ ਮਹਾਨ ਖੇਡ ਸ਼ਖਸ਼ੀਅਤਾਂ ਵਿੱਚੋਂ ਇੱਕ, ਮੇਜਰ ਧਿਆਨ ਚੰਦ ਦੇ ਜਨਮ ਦਿਨ ਮੌਕੇ ਅੱਜ ਦੇਸ਼ ਭਰ ਵਿੱਚ ਰਾਸ਼ਟਰੀ ਖੇਡ ਦਿਵਸ ਮਨਾਇਆ ਜਾ ਰਿਹਾ ਏ।

---------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਸ਼ਾਮ ਨੂੰ ਮੱਧ ਏਸ਼ੀਆਈ ਦੇਸ਼ ਦੇ ਆਪਣੇ ਦੋ ਦਿਨਾਂ ਦੌਰੇ ਲਈ ਉਜ਼ਬੇਕਿਸਤਾਨ ਦੀ ਰਾਜਧਾਨੀ ਤਾਸ਼ਕੰਦ ਪਹੁੰਚੇ। ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਸ਼ਵਕਤ ਮਿਰਜ਼ੀ-ਯੋਯੇਵ ਨੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ । ਦੋਵੇਂ ਨੇਤਾ ਦੁਵੱਲੇ ਮਹੱਤਵ ਦੇ ਸਾਰੇ ਮੁੱਦਿਆਂ 'ਤੇ ਚਰਚਾ ਕਰਨਗੇ। ਸਾਡੇ ਪਤਰਕਾਰ ਨੇ ਦਸਿਆ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦੌਰੇ ਕਰਕੇ ਪੂਰਾ ਤਾਸ਼ਕੰਦ ਸ਼ਹਿਰ ਭਾਰਤੀ ਝੰਡਿਆਂ ਅਤੇ ਹੋਰਡਿੰਗਾਂ ਨਾਲ ਸਜਾਇਆ ਗਿਆ ਏ । ਕੱਲ੍ਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਸ਼ਵਕਤ ਮਿਰਜ਼ੀ-ਯੋਯੇਵ ਦੁਵੱਲੇ ਸਬੰਧਾਂ 'ਤੇ ਵਿਚਾਰ ਕਰਨਗੇ ਜੋ ਸਦੀਆਂ ਤੋਂ ਬਣੇ ਸੱਭਿਆਚਾਰਕ ਸਬੰਧਾਂ 'ਤੇ ਅਧਾਰਤ ਨੇ ਅਤੇ ਮਜ਼ਬੂਤ ਲੋਕਾਂ-ਤੋਂ-ਲੋਕ ਸਬੰਧਾਂ ਨਾਲ ਮਜ਼ਬੂਤ ਹਨ। ਦੋਵੇਂ ਨੇਤਾ ਰਾਸ਼ਟਰਪਤੀ ਮਹਿਲ ਵਿਖੇ ਵਪਾਰ ਅਤੇ ਨਿਵੇਸ਼, ਰੱਖਿਆ, ਡਿਜੀਟਲ ਕਨੈਕਟੀਵਿਟੀ,

ਊਰਜਾ, ਸਿੱਖਿਆ ਅਤੇ ਲੋਕਾਂ-ਤੋਂ-ਲੋਕ ਖੇਤਰਾਂ ਵਿੱਚ ਸਹਿਯੋਗ ਦੀ ਸਮੀਖਿਆ ਕਰਨਗੇ।

-----------------------------------------------------------------------

ਨੇਪਾਲ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 626 ਹੋ ਗਈ ਏ ਜਦਕਿ 2 ਹਜ਼ਾਰ ਤੋਂ ਵੱਧ ਲੋਕ ਅਜੇ ਵੀ ਲਾਪਤਾ ਨੇ. ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਅਤੇ ਬਚਾਅ ਕਾਰਜ ਜਾਰੀ ਨੇ. ਬਚਾਏ ਗਏ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾ ਰਿਹਾ ਏ । ਬੰਦ ਸੜ੍ਹਕਾਂ ਨੂੰ ਸਾਫ਼ ਕਰਨ ਦਾ ਕੰਮ ਵੀ ਤੇਜ਼ੀ ਨਾਲ ਜਾਰੀ ਏ । ਵਿਦੇਸ਼ ਮੰਤਰਾਲੇ ਨੇ ਦੱਸਿਆ ਏ ਕਿ 320 ਭਾਰਤੀ ਨਾਗਰਿਕਾਂ ਨਾਲ ਅਜੇ ਤੱਕ ਸੰਪਰਕ ਨਹੀਂ ਹੋਇਆ ਏ । ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਭਾਰਤੀ ਮੂਲ ਦੇ ਕਰੀਬ 100 ਹੋਰ ਲੋਕਾਂ ਨਾਲ ਵੀ ਸੰਪਰਕ ਨਹੀਂ ਹੋ ਪਾ ਰਿਹਾ ਏ.

-----------------------------------------------------------------------

ਨੇਪਾਲ ਸਰਕਾਰ ਨੇ ਇਸ ਸੰਕਟ ਦੇ ਸਮੇਂ ਵਿੱਚ ਭਾਰਤ ਵਲੋਂ ਕੀਤੀ ਤੁਰੰਤ ਸਹਾਇਤਾ ਲਈ ਸ਼ਲਾਘਾ ਕੀਤੀ ਏ । ਨੇਪਾਲ ਨੇ ਭਾਰਤ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਬਹੁਤ ਹੀ ਉਦਾਰ ਦਸਿਆ । ਹੜ੍ਹਾਂ ਵਿੱਚ 600 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ ਏ । ਨੇਪਾਲ ਦੇ ਵਿੱਤ ਮੰਤਰੀ ਸਵਰਣਿਮ ਵਾਗਲੇ ਨੇ ਕਿਹਾ

ਕਿ ਹੜ੍ਹਾਂ ਤੋਂ ਬਾਅਦ ਭਾਰਤ ਤੋਂ ਵਿਸ਼ੇਸ਼ ਸਪਲਾਈ ਹਵਾਈ ਜਹਾਜ਼ ਰਾਹੀਂ ਭੇਜੀ ਗਈ ਸੀ, ਅਤੇ ਭਾਰਤ ਨੇ ਪੁਨਰ ਨਿਰਮਾਣ ਲਈ ਸਹਾਇਤਾ ਦਾ ਸੰਕੇਤ ਦਿੱਤਾ ਏ। 26 ਅਗਸਤ ਤੋਂ, ਭਾਰਤ ਨੇ ਨੇਪਾਲ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ 57 ਟਨ ਤੋਂ ਵੱਧ ਰਾਹਤ ਸਪਲਾਈ ਭੇਜੀ ਏ। ਨੇਪਾਲ ਦੀ ਬੇਨਤੀ 'ਤੇ, ਮੈਡੀਕਲ ਕਰਮਚਾਰੀਆਂ ਅਤੇ ਸੁਰੰਗ ਬਚਾਅ ਮਾਹਰਾਂ ਸਮੇਤ 11 ਮੈਂਬਰੀ ਭਾਰਤੀ ਟੀਮ ਵੀ ਸਥਾਨਕ ਅਧਿਕਾਰੀਆਂ ਦੀ ਸਹਾਇਤਾ ਲਈ ਨੇਪਾਲ ਪਹੁੰਚੀ ਏ।

---------------------------------------------------------------------

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤ ਨੇਪਾਲ ਵਿੱਚ ਸੰਕਟ ਨੂੰ ਲੈ ਕੇ ਚਿੰਤਤ ਏ। ਲਖਨਊ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਭਾਰਤ ਨੇਪਾਲ ਨੂੰ ਉਸਦੀਆਂ ਸਾਰੀਆਂ ਜ਼ਰੂਰਤਾਂ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਏ। ਰੱਖਿਆ ਮੰਤਰੀ ਨੇ ਕਿਹਾ ਕਿ ਭਾਰਤ ਗੁਆਂਢੀ ਦੇਸ਼ ਨੂੰ ਲਗਾਤਾਰ ਸਹਾਇਤਾ ਭੇਜ ਰਿਹਾ ਏ। BYTE:RNU290826

---------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੱਲ੍ਹ ਸਵੇਰੇ 11 ਵਜੇ ਆਕਾਸ਼ਵਾਣੀ 'ਤੇ

ਮਨ ਕੀ ਬਾਤ ਪ੍ਰੋਗਰਾਮ ਵਿੱਚ ਦੇਸ਼ ਅਤੇ ਵਿਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ। ਇਹ ਹਰ ਮਹੀਨੇ ਪ੍ਰਸਾਰਿਤ ਹੋਣ ਵਾਲੇ ਰੇਡੀਓ ਪ੍ਰੋਗਰਾਮ ਦਾ 137ਵਾਂ ਐਪੀਸੋਡ ਹੋਵੇਗਾ। 'ਮਨ ਕੀ ਬਾਤ' ਪ੍ਰੋਗਰਾਮ ਆਕਾਸ਼ਵਾਣੀ ਅਤੇ ਦੂਰਦਰਸ਼ਨ ਦੇ ਸਮੁੱਚੇ ਨੈੱਟਵਰਕ, ਆਕਾਸ਼ਵਾਣੀ ਖਬਰਾਂ ਦੀ WEBSITE ਅਤੇ NEWSONAIR ਮੋਬਾਈਲ ਐਪ 'ਤੇ ਪ੍ਰਸਾਰਿਤ ਕੀਤਾ ਜਾਵੇਗਾ। ਇਸ ਨੂੰ AIR ਨਿਊਜ਼, DD ਨਿਊਜ਼, ਪ੍ਰਧਾਨ ਮੰਤਰੀ ਦੇ ਦਫਤਰ ਅਤੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ YOU-TUBE ਚੈਨਲਾਂ 'ਤੇ ਵੀ ਲਾਈਵ ਸਟ੍ਰੀਮ ਕੀਤਾ ਜਾਵੇਗਾ। ਆਕਾਸ਼ਵਾਣੀ, ਹਿੰਦੀ ਪ੍ਰਸਾਰਣ ਤੋਂ ਤੁਰੰਤ ਬਾਅਦ ਪ੍ਰੋਗਰਾਮ ਨੂੰ ਖੇਤਰੀ ਭਾਸ਼ਾਵਾਂ ਵਿੱਚ ਵੀ ਪ੍ਰਸਾਰਿਤ ਕਰੇਗਾ।

------------------------------------------------------------------------

ਸਰਕਾਰ ਨੇ ਕਿਹਾ ਏ ਕਿ ਇਸ ਸਾਲ ਜੁਲਾਈ ਤੱਕ, ਪ੍ਰਤੀ ਬੂੰਦ ਹੋਰ ਫ਼ਸਲ ਯੋਜਨਾ ਦੇ ਤਹਿਤ 115 ਲਖ ਹੈਕਟੇਅਰ ਖੇਤੀਬਾੜੀ ਜ਼ਮੀਨ ਨੂੰ ਸੂਖਮ-ਸਿੰਚਾਈ ਪ੍ਰਣਾਲੀਆਂ ਅਧੀਨ ਲਿਆਂਦਾ ਗਿਆ ਏ । ਇਸ ਯੋਜਨਾ ਦਾ ਉਦੇਸ਼ ਪਾਣੀ ਦੀ ਵਰਤੋਂ ਕੁਸ਼ਲਤਾ ਵਿੱਚ ਸੁਧਾਰ ਕਰਨਾ ਅਤੇ ਖੇਤੀ ਪੱਧਰ 'ਤੇ ਪਾਣੀ ਦੀ ਵਰਤੋਂ ਵਿੱਚ ਸੁਧਾਰ ਕਰਨਾ ਏ । ਇਹ ਯੋਜਨਾ ਕੇਂਦਰ ਸਰਕਾਰ ਦੁਆਰਾ ਜਨਵਰੀ 2006 ਵਿੱਚ ਸੂਖਮ-ਸਿੰਚਾਈ ਲਈ ਸ਼ੁਰੂ ਕੀਤੀ ਗਈ ਸੀ। 2015-16 ਤੋਂ 2021-22 ਤੱਕ,

ਇਸਦਾ ਅਧਿਕਾਰਤ ਤੌਰ 'ਤੇ ਨਾਮ ਬਦਲ ਕੇ ਪ੍ਰਤੀ ਬੂੰਦ ਹੋਰ ਫ਼ਸਲ ਰੱਖਿਆ ਗਿਆ ਅਤੇ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ ਦੇ ਇੱਕ ਪ੍ਰਮੁੱਖ ਹਿੱਸੇ ਵਜੋਂ ਲਾਗੂ ਕੀਤਾ ਗਿਆ। ਇਸ ਯੋਜਨਾ ਦੇ ਤਹਿਤ, ਕੇਂਦਰ ਸਰਕਾਰ ਲਾਭਪਾਤਰੀਆਂ ਨੂੰ ਪੰਜ ਹੈਕਟੇਅਰ ਤੱਕ ਦੀ ਜ਼ਮੀਨ 'ਤੇ ਸੂਖਮ-ਸਿੰਚਾਈ ਪ੍ਰਣਾਲੀਆਂ ਸਥਾਪਤ ਕਰਨ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਏ। ਛੋਟੇ ਅਤੇ ਹਾਸ਼ੀਏ 'ਤੇ ਕਿਸਾਨਾਂ ਨੂੰ 55 ਫੀਸਦੀ ਵਿੱਤੀ ਸਹਾਇਤਾ ਮਿਲਦੀ ਹੈ, ਅਤੇ ਹੋਰ ਕਿਸਾਨਾਂ ਨੂੰ 45 ਫੀਸਦੀ ਵਿੱਤੀ ਸਹਾਇਤਾ ਮਿਲਦੀ ਏ। ਕੇਂਦਰ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿੱਚ ਇਸ ਯੋਜਨਾ ਲਈ 8 ਹਜ਼ਾਰ 123 ਕਰੋੜ ਤੋਂ ਵੱਧ ਜਾਰੀ ਕੀਤੇ ਨੇ।

---------------------------------------------------------------------

ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਕੱਲ੍ਹ ਦੋ ਦਿਨਾਂ ਦੌਰੇ 'ਤੇ ਕੇਰਲਮ ਪਹੁੰਚਣਗੇ। ਉਹ ਅਲਪ -ਪ੍ਰਝਾ ਵਿੱਚ ਪ੍ਰਮੁੱਖ ਮਲਿਆਲਮ ਰੋਜ਼ਾਨਾ ਅਖ਼ਬਾਰ, ਕੇਰਲਾ ਕੌਮੂਦੀ ਦੇ 115ਵੇਂ ਸਥਾਪਨਾ ਦਿਵਸ ਸਮਾਰੋਹ ਵਿੱਚ ਸ਼ਾਮਲ ਹੋਣਗੇ। ਇਸ ਤੋਂ ਬਾਅਦ, ਉਪ ਰਾਸ਼ਟਰਪਤੀ ਪਥਨ-ਮਥਿੱਟਾ ਵਿੱਚ ਕੇਰਲਮ ਦੀ ਮਸ਼ਹੂਰ ਅਰਣਮੁਲਾ ਕਿਸ਼ਤੀ ਦੌੜ ਦਾ ਉਦਘਾਟਨ ਕਰਨਗੇ। ਪੰਪਾ ਨਦੀ 'ਤੇ ਇਸ ਸਾਲਾਨਾ ਕਿਸ਼ਤੀ ਦੌੜ ਵਿੱਚ 51 ਸਨੇਕ ਕਿਸ਼ਤੀਆਂ ਹਿੱਸਾ ਲੈਣਗੀਆਂ। ਉਹ ਤਿਰੂਵਨੰਤਪੁਰਮ

ਵਿੱਚ ਓਣਮ ਸੈਰ ਸਪਾਟਾ ਹਫ਼ਤੇ ਦੇ ਸਮਾਪਤੀ ਸਮਾਰੋਹ ਦਾ ਵੀ ਉਦਘਾਟਨ ਕਰਨਗੇ। ਸੋਮਵਾਰ ਨੂੰ, ਸ਼੍ਰੀ ਰਾਧਾਕ੍ਰਿਸ਼ਨਨ ਲਕਸ਼ਦੀਪ ਦੇ ਅਗਾਤੀ ਜਾਣਗੇ, ਜਿੱਥੇ ਉਹ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਮੰਤਰਾਲੇ ਦੇ ਇੱਕ ਜਨ ਸੰਪਰਕ ਸਮਾਗਮ ਵਿੱਚ ਮੁੱਖ ਮਹਿਮਾਨ ਹੋਣਗੇ।

---------------------------------------------------------------------

ਕੇਂਦਰੀ ਵਿੱਤ ਅਤੇ ਕਾਰਪੋਰੇਟ ਮਾਮਲਿਆਂ ਬਾਰੇ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਆਲਮੀ  ਕੰਪਨੀਆਂ ਨੂੰ ਆਪਣੀ ਸਪਲਾਈ ਲੜੀ ਅਤੇ ਪੂੰਜੀ ਵੰਡ ਦਾ ਮੁੜ ਮੁਲਾਂਕਣ ਕਰਨਾ ਚਾਹੀਦਾ ਏ ਕਿਉਂਕਿ ਭਾਰਤ ਨਾ ਸਿਰਫ਼ ਇੱਕ ਵਿਸ਼ਾਲ ਬਾਜ਼ਾਰ ਪੇਸ਼ ਕਰਦਾ ਹੈ, ਸਗੋਂ ਇੱਕ ਲੰਬੇ ਸਮੇਂ ਦਾ ਨਿਵੇਸ਼ ਅਤੇ ਸੰਚਾਲਨ ਮੰਚ ਵੀ ਪ੍ਰਦਾਨ ਕਰਦਾ ਏ । ਉਨ੍ਹਾਂ ਨੇ ਇਹ ਬਿਆਨ ਅਮਰੀਕਾ  ਦੇ ਸ਼ਿਕਾਗੋ, ਵਿੱਚ ਮੋਹਰੀ ਨਿਵੇਸ਼ਕਾਂ ਅਤੇ ਸਨਅਤਕਾਰਾਂ  ਨਾਲ ਇੱਕ ਉੱਚ-ਪੱਧਰੀ ਉਦਯੋਗ ਗੋਲਮੇਜ਼ ਸਮੇਲਨ ਨੂੰ ਸੰਬੋਧਨ ਕਰਦੇ ਹੋਏ ਦਿੱਤਾ। ਮੀਟਿੰਗ ਦੌਰਾਨ ਭਾਰਤ ਵਿੱਚ ਨਿਰਮਾਣ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ । ਸ੍ਰੀਮਤੀ ਸੀਤਾਰਮਨ ਨੇ ਕਿਹਾ ਕਿ ਭਾਰਤ ਦਾ ਡਿਜੀਟਲ ਜਨਤਕ ਬੁਨਿਆਦੀ ਢਾਂਚਾ, ਜਿਸ ਵਿੱਚ ਆਧਾਰ, UPI, DigiLocker, ONDC, ਅਤੇ ਇੰਡੀਆ ਸਟੈਕ ਸ਼ਾਮਲ ਹਨ, ਵੱਡੀ ਆਬਾਦੀ ਲਈ ਪਹੁੰਚਯੋਗ ਨੇ । ਉਨ੍ਹਾਂ ਕਿਹਾ ਕਿ ਦੇਸ਼ ਦਾ ਅਗਲਾ ਆਰਥਿਕ ਵਿਕਾਸ ਏਆਈ, ਇੰਜੀਨੀਅਰਿੰਗ, ਵਿਸ਼ਲੇਸ਼ਣ,

ਉਤਪਾਦ ਵਿਕਾਸ, ਸੈਮੀਕੰਡਕਟਰ ਅਤੇ ਇਲੈਕਟ੍ਰਾਨਿਕਸ ਵਿੱਚ ਏ । ਇਹ ਗੋਲਮੇਜ਼ ਸਮੇਲਨ ਸ਼ਿਕਾਗੋ ਵਿੱਚ ਭਾਰਤੀ ਕੌਂਸਲੇਟ ਜਨਰਲ ਵਲੋਂ ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਫੋਰਮ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ।

---------------------------------------------------------------------------

ਭਾਰਤ ਦੀਆਂ ਸਭ ਤੋਂ ਮਹਾਨ ਖੇਡ ਸ਼ਖਸ਼ੀਅਤਾਂ ਵਿੱਚੋਂ ਇੱਕ, ਮੇਜਰ ਧਿਆਨ ਚੰਦ ਦੇ ਜਨਮ ਦਿਨ ਮੌਕੇ ਅੱਜ ਦੇਸ਼ ਭਰ ਵਿੱਚ ਰਾਸ਼ਟਰੀ ਖੇਡ ਦਿਵਸ ਮਨਾਇਆ ਜਾ ਰਿਹਾ ਏ । ਇਹ ਦਿਨ ਭਾਰਤ ਦੇ ਅਮੀਰ ਖੇਡ ਵਿਰਸੇ ਦਾ ਜਸ਼ਨ ਮਨਾਉਂਦਾ ਏ ਅਤੇ ਲੋਕਾਂ ਨੂੰ ਖੇਡਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਨਿਯਮਤ ਹਿੱਸਾ ਬਣਾਉਣ ਲਈ ਉਤਸ਼ਾਹਿਤ ਕਰਦਾ ਏ ।

*ਪੇਸ਼ ਏ ਇਕ ਇੱਕ ਰਿਪੋਰਟ BYTE-RNU290826*

*ਰਾਸ਼ਟਰੀ ਖੇਡ ਦਿਵਸ 2026 ਨੂੰ ਤਿੰਨ ਦਿਨਾਂ ਦੇਸ਼ ਵਿਆਪੀ ਮੁਹਿੰਮ ਵਜੋਂ ਮਨਾਇਆ ਜਾ ਰਿਹਾ ਏ । ਇਸ ਸਾਲ, ਰਾਸ਼ਟਰੀ ਖੇਡ ਦਿਵਸ "ਇੱਕ ਘੰਟਾ ਖੇਲ ਕੇ ਮੈਦਾਨ ਮੇਂ " ਦੇ ਸੱਦੇ ਹੇਠ ਮਨਾਇਆ ਜਾ ਰਿਹਾ ਏ । ਇਸ ਮੌਕੇ ਨੂੰ ਮਨਾਉਣ ਲਈ ਦੇਸ਼ ਭਰ ਵਿੱਚ ਵੱਖ-ਵੱਖ ਖੇਡ ਗਤੀਵਿਧੀਆਂ ਕਰਾਈਆਂ ਜਾ ਰਹੀਆਂ ਨੇ. ਦਿੱਲੀ ਵਿੱਚ, ਕੇਂਦਰੀ ਮੰਤਰੀ ਡਾ. ਮਨਸੁਖ ਮੰਡਾਵੀਆ ਅਤੇ ਅਰਜੁਨ ਰਾਮ ਮੇਘਵਾਲ ਨੇ ਮੁਹਿੰਮ ਦੇ ਤਹਿਤ ਇੱਕ ਕ੍ਰਿਕੇਟ ਮੈਚ ਵਿੱਚ ਹਿੱਸਾ ਲਿਆ। ਮੀਡੀਆ ਨਾਲ ਗੱਲਬਾਤ ਕਰਦਿਆਂ, ਡਾ. ਮਾਂਡਵੀਆ ਨੇ ਲੋਕਾਂ ਨੂੰ ਤੰਦਰੁਸਤ ਅਤੇ ਸਿਹਤਮੰਦ ਰਹਿਣ ਲਈ ਹਰ ਹਫ਼ਤੇ ਘੱਟੋ-ਘੱਟ ਇੱਕ ਘੰਟਾ ਖੇਡ ਦੇ ਮੈਦਾਨ ਵਿੱਚ ਬਿਤਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇੱਕ ਖੁਸ਼ਹਾਲ ਰਾਸ਼ਟਰ ਬਣਾਉਣ ਲਈ ਇੱਕ ਤੰਦਰੁਸਤ ਨੌਜਵਾਨ ਅਤੇ ਇੱਕ ਸਿਹਤਮੰਦ ਸਮਾਜ ਜ਼ਰੂਰੀ ਏ byte – MANSUKH ON DHYAN CHAND*

*ਸਰਕਾਰ ਭਾਰਤ ਦੇ ਖੇਡ ਸਿਲਸਿਲੇ ਵਿੱਚ ਨਿਰੰਤਰ ਨਿਵੇਸ਼ ਕਰ ਰਹੀ ਏ, ਜਿਸ ਦੇ ਨਤੀਜੇ ਵਿਸ਼ਵ ਪੱਧਰ 'ਤੇ ਵੱਧ ਤੋਂ ਵੱਧ ਦਿਖਾਈ ਦੇ ਰਹੇ ਨੇ. ਖੇਲੋ ਇੰਡੀਆ, ਟਾਰਗੇਟ ਓਲੰਪਿਕ ਪੋਡੀਅਮ ਸਕੀਮ, ਅਤੇ*

*ਖੇਲੋ ਇੰਡੀਆ ਰਾਈਜ਼ਿੰਗ ਟੈਲੇਂਟ ਆਈਡੈਂਟੀਫਿਕੇਸ਼ਨ ਵਰਗੀਆਂ ਪਹਿਲਕਦਮੀਆਂ ਖੇਡ ਸਿਲਸਿਲੇ ਨੂੰ ਮਜ਼ਬੂਤ ਕਰ ਰਹੀਆਂ ਨੇ ਅਤੇ ਖਿਡਾਰੀਆਂ ਨੂੰ ਉੱਚ ਪੱਧਰੀ ਮੁਕਾਬਲੇਬਾਜ਼ੀ ਲਈ ਤਿਆਰ ਕਰਨ ਵਿੱਚ ਮਦਦ ਕਰ ਰਹੀਆਂ ਨੇ.*

*ਰਾਜੇਸ਼ ਬਾਲੀ -ਆਕਾਸ਼ਵਾਣੀ ਖਬਰਾਂ, ਜਲੰਧਰ*

---------------------------------------------------------------------

ਏਧਰ ਬੀ.ਐਸ.ਐਫ ਪੰਜਾਬ ਫਰੰਟੀਅਰ ਨੇ ਜਲੰਧਰ ਵਿੱਚ ਆਪਣੇ ਫਰੰਟੀਅਰ ਹੈੱਡਕੁਆਰਟਰ ਵਿਖੇ ਖੇਡ ਗਤੀਵਿਧੀਆਂ ਦੀ ਇੱਕ ਲੜੀ ਦੇ ਨਾਲ ਕੌਮੀ ਖੇਡ ਦਿਵਸ ਮਨਾਇਆ। ਪੰਜਾਬ ਫਰੰਟੀਅਰ ਦੀ ਬੀ.ਐਸ.ਐਫ ਫੁੱਟਬਾਲ ਟੀਮ ਅਤੇ ਖਾਲਸਾ ਕਾਲਜ ਟੀਮ, ਜਲੰਧਰ ਵਿਚਕਾਰ ਇੱਕ ਫੁੱਟਬਾਲ ਸ਼ੋਅ ਮੈਚ ਖੇਡਿਆ ਗਿਆ। ਬੀ.ਐਸ.ਐਫ ਦੇ ਅਸ਼ਵਨੀ ਸਟੇਡੀਅਮ ਦੇ ਐਸਟ੍ਰੋ-ਟਰਫ ਗਰਾਊਂਡ ਵਿੱਚ ਬੀ.ਐਸ.ਐਫ ਹਾਕੀ ਟੀਮ ਅਤੇ ਆਲ ਇੰਡੀਆ ਪੁਲਿਸ ਖੇਡ ਕੰਟਰੋਲ ਬੋਰਡ ਟੀਮ ਵਿਚਕਾਰ ਇੱਕ ਹਾਕੀ ਮੈਚ ਵੀ ਕਰਵਾਇਆ ਗਿਆ। ਖਿਡਾਰੀਆਂ ਨੇ ਮੈਚ ਦੌਰਾਨ ਉੱਚ ਪੱਧਰੀ ਖੇਡ ਹੁਨਰ ਅਤੇ ਟੀਮ ਭਾਵਨਾ ਦਾ ਪ੍ਰਦਰਸ਼ਨ ਕੀਤਾ। ਬੀ.ਐਸ.ਐਫ ਸੀਨੀਅਰ ਸੈਕੰਡਰੀ ਸਕੂਲ, ਜਲੰਧਰ ਨੇ ਵੀ ਇਸ ਮਹੱਤਵਪੂਰਨ ਮੌਕੇ ਦੇ ਹਿੱਸੇ ਵਜੋਂ ਫੁੱਟਬਾਲ, ਬਾਸਕਟਬਾਲ ਅਤੇ ਵਾਲੀਬਾਲ ਸਮੇਤ ਕਈ ਖੇਡ ਪ੍ਰੋਗਰਾਮ ਕਰਵਾਏ।

---------------------------------------------------------------------

ਪੰਜਾਬ ਸਰਕਾਰ ਨੇ ਸੂਬੇ ਦੇ ਸਾਰੇ ਪ੍ਰਸ਼ਾਸਕੀ ਸਕੱਤਰਾਂ ਅਤੇ ਵਿਭਾਗਾਂ ਦੇ ਮੁਖੀਆਂ ਨੂੰ, 27 ਅਗਸਤ ਦੀ ਸਮੂਹਿਕ ਛੁੱਟੀ ਵਿੱਚ ਹਿੱਸਾ ਲੈਣ ਵਾਲੇ

ਸਾਰੇ ਮੁਲਾਜ਼ਮਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਨੇ। ਸਰਕਾਰ ਨੇ ਸਬੰਧਤ ਅਨੁਸ਼ਾਸਨੀ ਅਧਿਕਾਰੀਆਂ ਨੂੰ ਸੁਝਾਅ ਦਿੱਤਾ ਏ ਕਿ ਉਹ ਉਨ੍ਹਾਂ ਮੁਲਾਜ਼ਮਾਂ ਖ਼ਿਲਾਫ਼ ਨਿਯਮ ਮੁਤਾਬਿਕ ਸਖ਼ਤ ਅਨੁਸ਼ਾਸਨੀ ਕਾਰਵਾਈ ਕਰਨ ਜੋ ਉਸ ਦਿਨ ਅਣ-ਅਧਿਕਾਰਤ ਤੌਰ 'ਤੇ ਗੈਰਹਾਜ਼ਰ ਸਨ। ਸੂਬਾ ਸਰਕਾਰ ਦੇ ਲੱਖਾਂ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੇ 27 ਅਗਸਤ ਨੂੰ ਮਹਿੰਗਾਈ ਭੱਤਾ ਜਾਰੀ ਕਰਨ ,ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਤੋਂ ਇਲਾਵਾ ਹੋਰ ਕਈ ਲੰਬੇ ਸਮੇਂ ਤੋਂ ਚੱਲ ਰਹੀਆਂ ਸੇਵਾ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਸਮੇਤ ਆਪਣੀਆਂ ਲੰਬੇ ਸਮੇਂ ਤੋਂ ਬਕਾਇਆ ਰਹੀਆਂ ਮੰਗਾਂ ਦੇ ਵਿਰੋਧ ਵਿੱਚ 'ਮਹਾਂ ਹੜਤਾਲ' ਕੀਤੀ ਸੀ। ਇਹ ਨਿਰਦੇਸ਼ ਅਮਲ ਵਿਭਾਗ ਦੇ ਇੱਕ ਪੁਰਾਣੇ ਹੁਕਮ ਤੋਂ ਬਾਅਦ ਆਇਆ ਐ ਜਿਸ ਵਿੱਚ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ 27 ਅਗਸਤ ਨੂੰ ਅਣ-ਅਧਿਕਾਰਤ ਛੁੱਟੀ ਲੈਣ ਵਾਲੇ ਮੁਲਾਜ਼ਮਾਂ ਦੀਆਂ ਸੂਚੀਆਂ ਤਿਆਰ ਕਰਨ ਲਈ ਕਿਹਾ ਗਿਆ ਸੀ। ਇਸ ਤੋਂ ਪਹਿਲਾਂ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਜਿਨ੍ਹਾਂ ਨੂੰ 27 ਅਗਸਤ ਨੂੰ ਜਲੰਧਰ ਵਿਖੇ ਯੂਨੀਅਨ ਆਗੂਆਂ ਨਾਲ ਮਿਲਣਾ ਸੀ, ਨੇ ਉਨ੍ਹਾਂ ਨਾਲ ਆਪਣੀ ਨਿਰਧਾਰਤ ਗੱਲਬਾਤ ਉਸ ਸਮੇਂ ਰੱਦ ਕਰ ਦਿੱਤੀ ਸੀ ਜਦੋਂ ਤੱਕ ਉਹ ਆਪਣੀ ਹੜਤਾਲ ਖਤਮ ਨਹੀਂ ਕਰਦੇ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਉਨ੍ਹਾਂ ਹੜਤਾਲ ਕਰ ਰਹੇ ਕਰਮਚਾਰੀਆਂ ਨੂੰ ਸਪੱਸ਼ਟ ਕਰ

ਦਿੱਤਾ ਸੀ ਕਿ ਸਰਕਾਰ ਉਨ੍ਹਾਂ ਦੇ ਹਰ ਮੁੱਦੇ ਦਾ ਹੱਲ ਲੱਭਣ ਲਈ ਵਚਨਬੱਧ ਏ ਪਰ ਗੱਲਬਾਤ ਅਤੇ ਹੜਤਾਲਾਂ ਇੱਕੋ ਸਮੇਂ ਨਹੀਂ ਚੱਲ ਸਕਦੀਆਂ।

------------------------------------------------------------------------

ਹਰਿਆਣਾ ਸਰਕਾਰ ਨੇ ਅੱਜ ਸੂਬੇ ਵਿੱਚ ਚਾਰ ਕੂੜੇ-ਤੋਂ-ਊਰਜਾ ਬਣਾਉਣ ਲਈ ਪਲਾਂਟ ਸਥਾਪਤ ਕਰਨ ਲਈ ਇੱਕ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ। ਇਹ ਪਲਾਂਟ ਹਿਸਾਰ, ਅੰਬਾਲਾ, ਫਰੀਦਾਬਾਦ ਅਤੇ ਗੁਰੂਗ੍ਰਾਮ ਵਿੱਚ ਸਥਿਤ ਹੋਣਗੇ। ਇੱਕ ਵਾਰ ਚਾਲੂ ਹੋਣ ਤੋਂ ਬਾਅਦ, ਇਹ ਪ੍ਰਤੀ ਦਿਨ 5 ਹਜ਼ਾਰ ਟਨ ਕੂੜੇ ਨੂੰ ਪ੍ਰੋਸੈਸ ਕਰਨਗੇ ਅਤੇ 50 ਮੈਗਾਵਾਟ ਊਰਜਾ ਪੈਦਾ ਕਰਨਗੇ। ਇਨ੍ਹਾਂ ਪਲਾਂਟਾਂ ਦੇ ਅਕਤੂਬਰ 2028 ਤੱਕ ਚਾਲੂ ਹੋਣ ਦੀ ਉਮੀਦ ਏ । ਰਾਜ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਪਲਾਂਟ ਆਇਲ ਇੰਡੀਆ ਲਿਮਟਿਡ ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਆਇਲ ਗ੍ਰੀਨ ਐਨਰਜੀ ਲਿਮਟਿਡ ਵਲੋਂ ਸਥਾਪਿਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਪਲਾਂਟ ਸ਼ਹਿਰੀ ਵਿਕਾਸ ਲਈ ਨਵੀਂ ਊਰਜਾ ਪ੍ਰਦਾਨ ਕਰਨਗੇ ਅਤੇ ਕੂੜੇ ਦੇ ਪ੍ਰਬੰਧਨ ਵਿੱਚ ਸੁਧਾਰ ਕਰਨਗੇ।

------------------------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਪਣੇ ਦੋ ਦਿਨਾਂ ਦੌਰਾਨ ਉਜ਼ਬੇਕਿਸਤਾਨ ਦੀ ਰਾਜਧਾਨੀ ਤਾਸ਼ਕੰਦ ਪਹੁੰਚੇ।
- ਨੇਪਾਲ ਸਰਕਾਰ ਨੇ ਇਸ ਸੰਕਟ ਦੇ ਸਮੇਂ ਵਿੱਚ ਭਾਰਤ ਵਲੋਂ ਕੀਤੀ ਤੁਰੰਤ ਸਹਾਇਤਾ ਲਈ ਸ਼ਲਾਘਾ ਕੀਤੀ -ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ -ਭਾਰਤ ਨੇਪਾਲ ਵਿੱਚ ਸੰਕਟ ਨੂੰ ਲੈ ਕੇ ਚਿੰਤਤ ਏ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੱਲ੍ਹ ਸਵੇਰੇ 11 ਵਜੇ ਆਕਾਸ਼ਵਾਣੀ 'ਤੇ ਮਨ ਕੀ ਬਾਤ ਪ੍ਰੋਗਰਾਮ ਵਿੱਚ ਦੇਸ਼ ਅਤੇ ਵਿਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ।
- ਸਰਕਾਰ ਨੇ ਕਿਹਾ -ਇਸ ਸਾਲ ਜੁਲਾਈ ਤੱਕ, ਪ੍ਰਤੀ ਬੂੰਦ ਹੋਰ ਫ਼ਸਲ ਯੋਜਨਾ ਦੇ ਤਹਿਤ 115 ਲਖ ਹੈਕਟੇਅਰ ਖੇਤੀਬਾੜੀ ਜ਼ਮੀਨ ਨੂੰ ਸੂਖਮ-ਸਿੰਚਾਈ ਪ੍ਰਣਾਲੀਆਂ ਅਧੀਨ ਲਿਆਂਦਾ ਗਿਆ ਏ। ਅਤੇ
- -ਭਾਰਤ ਦੀਆਂ ਸਭ ਤੋਂ ਮਹਾਨ ਖੇਡ ਸ਼ਖਸ਼ੀਅਤਾਂ ਵਿੱਚੋਂ ਇੱਕ, ਮੇਜਰ ਧਿਆਨ ਚੰਦ ਦੇ ਜਨਮ ਦਿਨ ਮੌਕੇ ਅੱਜ ਦੇਸ਼ ਭਰ ਵਿੱਚ ਰਾਸ਼ਟਰੀ ਖੇਡ ਦਿਵਸ ਮਨਾਇਆ ਜਾ ਰਿਹਾ ਏ।

ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਖਬਰਾਂ ਦਾ ਅ ਗਲਾ ਬੁਲੇਟਿਨ ਤੁਸੀਂ ਸੁਣੋਗ 8.30 ਨਮਸਕਾਰ